Punjabi

ਸੇਵਾ ਵਿਖੇ: HDSB ਪਰਿਵਾਰ ਅਤੇ ਗਰੇਡ ੯-੧੨ ਦੇ ਵਿਦਿਆਰਥੀ

ਵਿਸ਼ਾ: ਸਕੂਲ ਦੁਬਾਰਾ ਖੋਲ੍ਹਣ ਦੀ ਯੋਜਨਾ ਅਤੇ ਵਾਪਸੀ ਦੇ ਇਰਾਦੇ ਦਾ ਸਰਵੇਖਣ

ਅਗਸਤ 10, 2020

ਪਿਆਰੇ HDSB ਪਰਿਵਾਰੋ,

ਅਸੀਂ ਇਹ ਚਿੱਠੀ ਸਤੰਬਰ ਵਿੱਚ ਸਕੂਲਾਂ ਨੂੰ ਦੁਬਾਰਾ ਸੁਰੱਖਿਅਤ ਢੰਗ ਨਾਲ ਖੋਲ੍ਹਣ ਦੀ ਸਾਡੀ ਯੋਜਨਾ ਨੂੰ ਤੁਹਾਡੇ ਨਾਲ ਸਾਂਝੀ ਕਰਨ ਲਈ ਲਿਖ ਰਹੇ ਹਾਂ। ਇਹ ਯੋਜਨਾ www.hdsb.ca ਵਿਖੇ HDSB Reopening Schools webpage 'ਤੇ ਦੇਖੀ ਜਾ ਸਕਦੀ ਹੈ।

ਹਾਲਟਨ ਡਿਸਟ੍ਰਿਕਟ ਸਕੂਲ ਬੋਰਡ ਦੀ ਸਕੂਲਾਂ ਨੂੰ ਦੁਬਾਰਾ ਖੋਲ੍ਹਣ ਦੀ ਯੋਜਨਾ ਵਿੱਚ ਉਹਨਾਂ ਸਾਰੀਆਂ ਕਾਰਵਾਈਆਂ ਦੀ ਰੂਪਰੇਖਾ ਦਿੱਤੀ ਗਈ ਹੈ ਜੋ ਅਸੀਂ ਸਾਡੇ ਵਿਦਿਆਰਥੀਆਂ ਅਤੇ ਸਟਾਫ ਦੀ ਸੁਰੱਖਿਆ ਅਤੇ ਕਲਿਆਣ ਲਈ ਕਰਾਂਗੇ। ਇਹ ਯੋਜਨਾ ਵਿਸਤਾਰ ਪੂਰਨ ਹੈ ਅਤੇ ਅਸੀਂ ਚਾਹਾਂਗੇ ਕਿ ਤੁਸੀਂ ਇਸ ਜਾਣਕਾਰੀ ਦੀ ਸਮੀਖਿਆ ਕਰੋ।

ਇਸ ਯੋਜਨਾ ਨੂੰ Halton Region Public Health ਦੇ ਨਾਲ ਸਲਾਹ ਮਸ਼ਵਰਾ ਕਰਕੇ ਤਿਆਰ ਕੀਤਾ ਗਿਆ ਹੈ ਅਤੇ ਇਹ ਸਿੱਖਿਆ ਮੰਤਰਾਲੇ ਦੀ Guide to Reopening Ontario's Schools ਦੀ ਪਾਲਣਾ ਕਰਦੀ ਹੈ।

ਇਹ ਜਾਣਕਾਰੀ ਮਿਲਣ ਦੇ ਬਾਅਦ, ਮਾਪਿਆਂ/ਨਿਗਰਾਨਾਂ ਲਈ ਹੇਠਾਂ ਲਿੰਕ ਕੀਤੇ ਸਰਵੇਖਣ ਰਾਹੀਂ ਇਹਨਾਂ ਗੱਲਾਂ ਦੀ ਪੁਸ਼ਟੀ ਕਰਨੀ ਜ਼ਰੂਰੀ ਹੈ:

1. ਸਕੂਲ ਵਿੱਚ ਵਾਪਸੀ ਦਾ ਇਰਾਦਾ

ਮਾਪਿਆਂ/ਨਿਗਰਾਨਾਂ (ਅਤੇ ੧੮ ਸਾਲ ਤੋਂ ਵੱਡੀ ਉਮਰ ਦੇ ਵਿਦਿਆਰਥੀਆਂ) ਲਈ ਇਹ ਦੱਸਣਾ ਜ਼ਰੂਰੀ ਹੈ ਕਿ ਸਤੰਬਰ ਵਿੱਚ ਤੁਹਾਡਾ ਬੱਚਾ(ਬੱਚੇ) ਨਿਜੀ ਤੌਰ ਤੇ ਮੌਜੂਦ ਹੋ ਕੇ ਪੜ੍ਹਨ ਲਈ ਸਕੂਲ ਆਉਣਗੇ ਜਾਂ ਨਹੀਂ। ਕਿਰਪਾ ਕਰਕੇ ਇਸ ਫੈਸਲੇ ਬਾਰੇ ਸਮੈਸਟਰ ੧/ਟਰਮ ੧ ਲਈ ਵਚਨਬੱਧ ਹੋਣ ਲਈ ਤਿਆਰ ਰਹੋ।

ਪਰਿਵਾਰਾਂ ਕੋਲ ਹਿੱਸਾ ਲੈਣ ਲਈ ਹੇਠਲੀਆਂ ਚੋਣਾਂ ਹਨ:

- ❑ ਨਿਜੀ ਮੌਜੂਦਗੀ ਵਾਲੀ ਪੜ੍ਹਾਈ (ਐਲੀਮੈਂਟਰੀ ਲਈ ਪੂਰੀ ਵਾਪਸੀ ਵਾਲਾ ਮਾਡਲ ਜਾਂ ਸੈਕੰਡਰੀ ਲਈ ਢਾਲਣਹਾਰ ਮਾਡਲ), ਜਾਂ

- ❑ ਪੂਰੀ ਤਰ੍ਹਾਂ ਦੂਰੀ ਤੋਂ (ਔਨਲਾਈਨ) ਪੜ੍ਹਾਈ

2. ਸਕੂਲ ਬੱਸ ਵਿੱਚ ਜਾਣ ਦਾ ਇਰਾਦਾ

ਪਰਿਵਾਰਾਂ ਨੂੰ ਹਰ ਬੱਚੇ ਲਈ ਇਹ ਦੱਸਣ ਲਈ ਆਖਿਆ ਜਾਏਗਾ:

- ❑ ਹਾਂ, ਮੇਰਾ ਬੱਚਾ ਟ੍ਰਾਂਸਪੋਰਟੇਸ਼ਨ ਲਈ ਯੋਗ ਹੈ ਅਤੇ ਉਹ ਇਸਦੀ ਵਰਤੋਂ ਕਰੇਗਾ
- ❑ ਹਾਂ, ਮੇਰਾ ਬੱਚਾ ਟ੍ਰਾਂਸਪੋਰਟੇਸ਼ਨ ਲਈ ਯੋਗ ਹੈ ਪਰ ਉਹ ਇਸਦੀ ਵਰਤੋਂ ਨਹੀਂ ਕਰੇਗਾ
- ❑ ਨਹੀਂ, ਮੇਰਾ ਬੱਚਾ ਟ੍ਰਾਂਸਪੋਰਟੇਸ਼ਨ ਲਈ ਯੋਗ ਨਹੀਂ ਹੈ

ਨੋਟ: ਸਕੂਲ ਦੇ ਵਾਹਨਾਂ ਵਿੱਚ ਗਰੇਡ ੪ ਤੋਂ ੧੨ ਦੇ ਵਿਦਿਆਰਥੀਆਂ ਲਈ ਗੈਰ-ਮੈਡੀਕਲ ਮਾਸਕ ਪਹਿਨਣਾ ਲਾਜ਼ਮੀ ਹੋਵੇਗਾ। ਵਿਦਿਆਰਥੀਆਂ ਵਾਲੇ ਵਾਹਨਾਂ ਵਿੱਚ ਕਿੰਡਰਗਾਰਟਨ ਤੋਂ ਗਰੇਡ ੩ ਤਕ ਦੇ ਬੱਚਿਆਂ ਲਈ ਮਾਸਕ ਪਹਿਨਣਾ ਲਾਜ਼ਮੀ ਨਹੀਂ ਹੋਵੇਗਾ ਪਰ ਅਜਿਹਾ ਕਰਨ ਲਈ ਉਹਨਾਂ ਨੂੰ ਪ੍ਰੇਰਿਤ ਕੀਤਾ ਜਾਵੇਗਾ।

3. ਰੋਜ਼ਾਨਾ ਸਵੈ-ਮੁਲਾਂਕਣ ਅਤੇ ਮੁਢਲੀ ਜਾਂਚ ਦੀ ਲੋੜ

ਉਹਨਾਂ ਸਾਰੇ ਮਾਪਿਆਂ/ਨਿਗਰਾਨਾਂ ਲਈ, ਜੋ ਸਤੰਬਰ ਵਿੱਚ ਆਪਣੇ ਬੱਚੇ(ਬੱਚਿਆਂ) ਨੂੰ ਸਕੂਲ ਭੇਜਣ ਦੀ ਚੋਣ ਕਰਦੇ ਹਨ, ਲਾਜ਼ਮੀ ਹੈ ਕਿ ਉਹ ਹੇਠਾਂ ਦੱਸੇ ਕੰਮਾਂ ਲਈ ਸੇਧਾਂ ਨੂੰ ਸਵੀਕਾਰ ਕਰਨ:

- ❑ ਕੋਵਿਡ ਦੇ ਲੱਛਣਾ ਲਈ ਆਪਣੇ ਬੱਚੇ ਦੀ ਰੋਜ਼ਾਨਾ ਜਾਂਚ ਕਰਨਾ।
- ❑ ਹਰ ਰੋਜ਼ ਸਕੂਲ ਆਉਣ ਤੋਂ **ਪਹਿਲਾਂ** *ਓਨਟਾਰਿਓ ਕੋਵਿਡ-੧੯ ਸਵੈ-ਮੁਲਾਂਕਣ* (ਰੋਜ਼ਾਨਾ ਦਾ ਸਵੈ-ਮੁਲਾਂਕਣ) ਪੂਰਾ ਕਰਨਾ।
- ❑ ਜੇ ਤੁਹਾਡੇ ਬੱਚੇ ਵਿੱਚ ਕੋਵਿਡ-੧੯ ਦਾ ਕੋਈ ਲੱਛਣ ਹੋਵੇ ਤਾਂ ਸਕੂਲ ਨਾਲ ਸੰਪਰਕ ਕਰਨਾ।
- ❑ ਉਸ ਸਥਿਤੀ ਲਈ ਤੁਹਾਡੇ ਬੱਚੇ(ਬੱਚਿਆਂ) ਨੂੰ ਸਕੂਲ ਤੋਂ ਤੁਰੰਤ ਲਿਜਾਣ ਦੀ ਯੋਜਨਾ ਬਣਾਉਣਾ, ਜਦੋਂ ਸਕੂਲ ਵਿੱਚ ਹੁੰਦਿਆਂ ਉਹਨਾਂ ਵਿੱਚ ਕੋਵਿਡ ਵਰਗਾ ਕੋਈ ਲੱਛਣ ਨਜ਼ਰ ਆਉਂਦਾ ਹੈ।

ਤਿੰਨ ਹਿੱਸਿਆਂ ਵਾਲੇ ਇਸ ਵਾਪਸੀ ਦੇ ਇਰਾਦੇ ਦੇ ਸਰਵੇਖਣ ਨੂੰ ੧੨ ਅਗਸਤ ਤਕ ਭਰਨਾ ਲਾਜ਼ਮੀ ਹੈ।

ਮੈਨੂੰ ਪਤਾ ਹੈ ਕਿ ਤੁਹਾਡੇ ਵਿਚੋਂ ਹਰੇਕ ਲਈ ਇਹ ਫੈਸਲਾ ਕਰਨਾ ਜ਼ਰੂਰੀ ਹੈ ਕਿ ਤੁਹਾਡੇ ਪਰਿਵਾਰ ਲਈ ਆਪਣੇ ਬੱਚੇ ਨੂੰ ਸਕੂਲ ਵਾਪਸ ਭੇਜਣਾ ਇੱਕ ਸਹੀ ਫੈਸਲਾ ਹੈ ਜਾਂ ਨਹੀਂ। ਉਹਨਾਂ ਸਾਰੇ ਲੋਕਾਂ ਲਈ, ਜਿਨ੍ਹਾਂ ਨੂੰ ਆਪਣੇ ਬੱਚੇ ਵਾਪਸ ਸਕੂਲ ਭੇਜਣਾ ਸੁਖਾਵਾਂ ਨਹੀਂ ਲਗਦਾ, ਸਾਡੇ ਕੋਲ ਪੂਰੀ ਤਰ੍ਹਾਂ ਦੂਰੀ ਤੋਂ ਪੜ੍ਹਾਈ ਦੀਆਂ ਯੋਜਨਾਵਾਂ ਹੋਣਗੀਆਂ। ਅਸੀਂ ਇਸ ਗੱਲ ਨੂੰ ਸਮਝਦੇ ਹਾਂ। ਪ੍ਰਸਤੁਤ ਯੋਜਨਾ ਤੁਹਾਨੂੰ ਅਜਿਹੀ ਜਾਣਕਾਰੀ ਪੇਸ਼ ਕਰਨ ਲਈ ਤਿਆਰ ਕੀਤੀ ਗਈ ਹੈ ਜਿਸਦੀ ਲੋੜ ਤੁਹਾਨੂੰ ਆਪਣਾ ਫੈਸਲਾ ਕਰਨ ਲਈ ਪਵੇਗੀ। ਸਾਨੂੰ ਜਾਪਦਾ ਹੈ ਕਿ ਇਸ ਜਾਣਕਾਰੀ ਨਾਲ ਆਤਮ-ਵਿਸ਼ਵਾਸ ਪੈਦਾ ਹੁੰਦਾ ਹੈ। ਸਕੂਲਾਂ ਨੂੰ ਦੁਬਾਰਾ ਖੋਲ੍ਹਣ ਦੀ ਸਾਡੀ ਯੋਜਨਾ ਦੀ ਸਮੀਖਿਆ ਕਰਨ ਦੇ ਬਾਅਦ, ਮੈਨੂੰ ਆਸ ਹੈ ਕਿ ਤੁਸੀਂ ਵੀ ਉਸੇ ਨਤੀਜੇ 'ਤੇ ਪਹੁੰਚੋਗੇ ਜਿਸ ਤੇ ਮੈਂ ਪਹੁੰਚਿਆ ਹਾਂ, ਯਾਨੀ ਸਾਡੇ

ਸਕੂਲ ਪੜ੍ਹਾਈ ਦੇ ਲਈ ਇੱਕ ਸੁਰੱਖਿਅਤ, ਸ਼ਮੂਲੀਅਤ ਵਾਲਾ ਅਤੇ ਆਕਰਸ਼ਕ ਵਾਤਾਵਰਨ ਪੇਸ਼ ਕਰਨਗੇ ਜੋ ਤੁਹਾਡੇ ਬੱਚੇ ਨੂੰ ਨਵੀਂ ਪੜ੍ਹਾਈ ਅਤੇ ਪ੍ਰਾਪਤੀ ਲਈ ਪ੍ਰੇਰਿਤ ਕਰੇਗਾ!

ਕੋਈ ਸਵਾਲ?

ਜੇ ਤੁਹਾਡੇ ਮਨ ਵਿੱਚ ਕੋਈ ਸਵਾਲ ਹਨ ਤਾਂ ਅਸੀਂ ਤੁਹਾਨੂੰ ਸਾਡੀ *ਅਕਸਰ ਪੁੱਛੇ ਜਾਣ ਵਾਲੇ ਸਵਾਲਾਂ* (FAQs) ਦੀ ਸੂਚੀ ਦੇਖਣ ਲਈ ਪ੍ਰੇਰਿਤ ਕਰਦੇ ਹਾਂ। ਜੇ ਤੁਹਾਡਾ ਸਵਾਲ FAQs ਵਿੱਚ ਨਹੀਂ ਹੈ ਤਾਂ ਉਸ ਨੂੰ ਇਥੇ ਭੇਜੋ: contact@hdsb.ca.

ਸ਼ੁਭਚਿੰਤਕ,

Stuart Miller
ਡਾਇਰੈਕਟਰ ਆਫ ਐਜੂਕੇਸ਼ਨ